## 'ਅਦਬ' ਦੀ ਮਹਿਮਾ- ਭਾਈ ਨੰਦ ਲਾਲ ਜੀ ਦੀ ਜ਼ੁਬਾਨੀ

੧. ਤਾਲਿਬਾਨਿ ਹੱਕ ਹਮੇਸ਼ਹ ਬਾ-ਅਦਬ

ਬਾ-ਅਦਬ ਬਾਸ਼ੰਦ, ਅੰਦਰ ਯਾਦਿ ਰੱਬ॥ ੩੧੬॥

ਅਰਥ- ਸੱਚੇ ਸਾਂਈ ਦੇ ਜੋ ਲੋੜਨਹਾਰ (ਤਲਬਗਾਰ) ਹਨ, ਉਹਨਾਂ ਦੀ ਰਹਿਣੀ ਸਦਾ ਅਦਬ ਵਾਲੀ ਹੁੰਦੀ ਹੈ। ਅਤੇ ਉਹ ਏਸ ਅਦਬ ਨੂੰ ਅੰਦਰ ਵਸਾ ਕੇ ਕਰਤਾਰ ਸਿਰਜਨਹਾਰ ਦਾ ਸਿਮਰਨ ਚਿੰਤਨ ਕਰਦੇ ਹਨ।

੨. ਬੇ-ਅਦਬ ਰਾ ਕੈ ਜ਼ਿ ਰਾਹੇ ਸ਼ਾਂ ਖ਼ਬਰ

ਬੇ-ਅਦਬ ਅਜ਼ ਹੱਕ ਹਮੇਸ਼ਹ ਬੇ-ਖ਼ਬਰ ॥੩੧੭॥

ਅਰਥ- ਜਿਹੜੇ ਬੇਅਦਬ ਹਨ, ਉਹਨਾਂ ਨੂੰ ਉਕਤ ਅਦਬ ਵਾਲੇ ਰੱਬੀ ਬੰਦਿਆਂ ਦੇ ਹਾਲ ਦੀ ਕੀ ਸਾਰ? ਬੇਅਦਬ, ਸੱਚੇ ਸਾਂਈ ਦੀ ਪਛਾਣ ਵੱਲੋਂ ਸਦਾ ਦ੍ਰਿਸ਼ਟੀ-ਹੀਣ ਹੀ ਰਹਿੰਦੇ ਹਨ।

੩. ਬੇ-ਅਦਬ ਹਰਗਿਜ਼ ਬ-ਹੱਕ ਰਾਹੇ ਨਯਾਫ਼ਤ

ਰਾਹਿ ਹੱਕ ਰਾ ਹੇਚ ਗੁਮਰਾਹੇ ਨਯਾਫ਼ਤ॥ ੩੧੮॥

ਅਰਥ- ਬੇਅਦਬ ਨੂੰ ਕਦੇ ਵੀ ਸੱਚੇ ਸਾਹਿਬ ਦਾ ਸੱਚਾ ਮਾਰਗ ਨਹੀਂ ਮਿਲਦਾ ਅਤੇ ਮਾਰਗ ਤੋਂ ਘੁਥੇ ਹੋਏ ਪ੍ਰਾਣੀ ਦੀ ਪਹੁੰਚ ਸੱਚੇ ਸਾਂਈ ਤੀਕ ਨਹੀਂ ਹੋ ਸਕਦੀ।

੪. ਹਾਦੀਏ ਰਾਹੇ ਖ਼ੁਦਾ ਆਮਦ ਅਦਬ

ਬੇ-ਅਦਬ ਖ਼ਾਲੀ-ਸਤ ਅਜ਼ ਅਲਤਾਫ਼ਿ ਰੱਬ॥੩੧੯॥

ਅਰਥ- ਇਸ ਸੱਚੇ ਮਾਰਗ ਦਾ ਰਾਹਬਰ ਇਹ ਅਦਬ ਹੈ। ਜੋ ਬੇਅਦਬ ਹੈ, ਉਹ ਰੱਬ ਦੀਆਂ ਰਹਿਮਤਾਂ ਤੋਂ ਖਾਲੀ ਰਹਿੰਦਾ ਹੈ।

੫. ਬੇ-ਅਦਬ ਰਾਹੇ ਖ਼ੁਦਾ ਕੈ ਦਾਨਦਸ਼

ਹਰ.ਕਿਰਾ ਕਹਿਰੇ ਖ਼ੁਦਾ ਮੇ ਰਾਨਦਅ॥ ੩੨੦॥

ਅਰਥ- ਬੇਅਦਬ ਪੁਰਸ਼ ਰੱਬ ਦੇ ਪਾਉਣ ਦੇ ਤਰੀਕੇ ਨੂੰ ਕਦ ਜਾਣ ਸਕਦਾ ਹੈ? (ਅਰਥਾਤ, ਕਦੇ ਨਹੀਂ ਜਾਣ ਸਕਦਾ), ਜਿਸਨੂੰ ਕਿ ਉਸ ਦੇ ਕਹਿਰ ਨੇ ਪਛਾੜ- ਲਤਾੜ ਛੱਡਿਆ ਹੋਵੇ।

੬. ਦਰ ਪਨਾਹੇ ਸਾਇਆਇ ਮਰਦਾਨਿ ਹੱਕ

ਗਰ ਰਵੀ ਆਂ ਜਾ ਅਦਬ ਯਾਬੀ ਸਬਕ॥ ੩੨੧॥

ਅਰਥ- ਜੇ ਤੂੰ ਪਰਮੇਸ਼ਰ ਦੇ ਪਿਆਰਿਆਂ ਗੁਰਮੁਖ-ਜਨਾਂ ਦੀ ਸ਼ਰਨ ਸੰਗਤ ਦੇ ਪ੍ਰਭਾਵ ਤਲੇ ਜਾ ਕੇ ਵਾਸਾ ਪਾਵੇਂ ਤਾਂ ਓਥੇ ਤੈਨੂੰ ਏਸ ਅਦਬ ਦੀ ਸੰਥਾ ਮਿਲੇ।

੭. ਬੇ-ਅਦਬ ਆਂ ਜਾ  ਅਦਬ ਆਮੋਜ਼ ਸ਼ੁਦ

ਈਂ ਚਰਾਗ਼ੇ ਗੁਲ ਜਹਾਂ ਅਫ਼ਰੋਜ਼ ਸ਼ੁਦ॥ ੩੨੨॥

ਓਥੇ (ਸੰਗਤ)ਜਾ ਕੇ ਬੇਅਦਬ ਪੁਰਸ਼ ਵੀ ਅਦਬਾਂ ਵਾਲਾ ਬਣ ਜਾਂਦਾ ਹੈ। ਇਹ ਦੀਵਾ ਫੇਰ ਸਾਰੇ ਜਹਾਨ ਵਿੱਚ ਉਜਾਲਾ ਕਰਨ ਵਾਲਾ ਹੋ ਜਾਂਦਾ ਹੈ।

੮. ਐ ਖ਼ੁਦਾ! ਹਰ ਬੇ-ਅਦਬ ਰਾ ਦੇਹ ਅਦਬ

ਤਾ ਗੁਜ਼ਾਰਦ ਉਮਰ ਅੰਦਰ ਯਾਦੇ ਰੱਬ॥ ੩੨੩॥

ਅਰਥ- ਹੇ ਖ਼ੁਦਾ! ਹਰੇਕ ਬੇਅਦਬ ਪੁਰਸ਼ ਨੂੰ ਅਦਬ ਦਾਨ ਦੇਹ। ਜਿਸ ਕਰਕੇ ਉਹ ਆਪਣੀ ਸਾਰੀ ਆਯੂ ਤੇਰੀ ਭਾਉ ਭਗਤੀ ਅੰਦਰ ਬਤੀਤ ਕਰੇ।

੯. ਈਂ ਅਦਬ ਤਾ ਜ਼ੇਸਤ ਬਰ ਅਫ਼ਰਾਕੇ ਕਸ।

ਆਂ ਕਿ ਗ਼ਾਫ਼ਿਲ ਨੇਸਤ ਅਜ਼ ਹੱਕ ਯੱਕ ਨਫ਼ਸ॥ ੩੨੪॥

ਅਰਥ- ਇਹ ਅਦਬ ਉਸ ਪ੍ਰਾਣੀ ਦੇ ਸੀਸ ਦਾ ਤਾਜ਼ ਹੈ ਜੋ ਕਿ ਨਿਮਖ ਸੁਆਸ ਮਾਤ੍ਰ ਵੀ ਸੱਚੇ ਸਿਰਜਨਹਾਰ ਦੀ ਯਾਦ ਤੋਂ ਗਾਫ਼ਿਲ ਨਹੀਂ.

"ਜ਼ਿੰਦਗੀ ਨਾਮਹ" ਵਿੱਚੋਂ